ਵਿਸ਼ਾ - ਪੰਜਾਬੀ

# 1. ਮਿਲਵਰਤਣ

ਜਮਾਤ - ਨੌਂਵੀਂ

ਮਿਲਵਰਤਣ ਦੀ ਭਾਵਨਾ ਸਮਾਜ ਦੀ ਬੁਨਿਆਦ ਹੁੰਦੀ ਹੈ। ਮਿਲਵਰਤਣ ਤੋਂ ਬਿਨਾਂ ਕਿਸੇ ਸਮਾਜ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਮਿਲਵਰਤਣ ਦੀ ਭਾਵਨਾ ਪਰਿਵਾਰ ਤੋਂ ਹੀ ਵਿਕਸਿਤ ਹੁੰਦੀ ਹੈ। ਪਰਿਵਾਰ ਦੇ ਮੈਂਬਰਾਂ ਦਾ ਰਲ਼ ਕੇ ਕੰਮ ਨਿਬੇੜਣਾ, ਇੱਕ-ਦੂਜੇ ਦੀ ਖ਼ੁਸ਼ੀ ਅਤੇ ਦੁੱਖ ਨੂੰ ਆਪਣਾ ਸਮਝਣਾ ਇਸ ਭਾਵਨਾ ਨੂੰ ਪ੍ਰਫੁਲਿਤ ਕਰਦਾ ਹੈ। ਕੋਈ ਵੀ ਮਨੁੱਖ ਏਨਾ ਯੋਗ ਨਹੀਂ ਕਿ ਉਹ ਇਕੱਲਾ ਜ਼ਿੰਦਗੀ ਦਾ ਅਨੰਦ ਲੈ ਸਕੇ। ਸਾਡੇ ਸੱਭਿਆਚਾਰ ਵਿੱਚ ਮੇਲੇ, ਤਿਉਹਾਰ ਅਤੇ ਸਮੁੱਚੇ ਰਸਮ-ਰਿਵਾਜ ਮਿਲਵਰਤਣ ਦੇ ਬਹੁਤ ਸਾਰੇ ਮੌਕੇ ਪ੍ਰਦਾਨ ਕਰਦੇ ਹਨ। ਸਿਆਣਿਆਂ ਦੇ ਕਥਨ ‘ਹੱਥ ਨੂੰ ਹੱਥ ਧੋਂਦਾ ਹੈ’ ਅਤੇ ‘ਬੰਦਾ ਹੀ ਬੰਦੇ ਦਾ ਦਾਰੂ ਹੈ’, ਮਿਲਵਰਤਣ ਦੇ ਮਹੱਤਵ ਨੂੰ ਦ੍ਰਿੜ੍ਹ ਕਰਵਾਉਂਦੇ ਹਨ। ਮਿਲਵਰਤਣ ਦੁਨੀਆ ਦੇ ਵਿਕਾਸ ਦਾ ਆਧਾਰ ਹੈ। ਹਰ ਇੱਕ ਨੂੰ, ਹਰ ਥਾਂ 'ਤੇ, ਕਿਸੇ ਨਾ ਕਿਸੇ ਦੇ ਸਹਿਯੋਗ ਤੇ ਮਿਲਵਰਤਣ ਦੀ ਲੋੜ ਪੈਂਦੀ ਹੈ। ਮਿਲਵਰਤਣ ਦੀ ਜ਼ਿੰਦਗੀ ਦੇ ਨਿੱਜੀ, ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਆਦਿ ਹਰ ਖੇਤਰ ਵਿੱਚ ਲੋੜ ਹੈ। ਅਜੋਕੇ ਸਮੇਂ ਵਿੱਚ ਮਿਲਵਰਤਣ ਦਾ ਆਧਾਰ ਪੈਸਾ ਅਤੇ ਪਦਾਰਥ ਬਣ ਰਿਹਾ ਹੈ ਅਜਿਹਾ ਮਿਲਵਰਤਣ ਸ੍ਵਾਰਥੀ ਹਿਤਾਂ ਦੀ ਪੂਰਤੀ ਲਈ ਹੁੰਦਾ ਹੈ। ਇਸ ਲਈ ਇਹ ਬਹੁਤਾ ਚਿਰ ਨਹੀਂ ਨਿਭਦਾ। ਪਰ ਮਾਨਵਤਾ-ਆਧਾਰਿਤ ਮਿਲਵਰਤਣ ਸਦੀਵੀ ਅਤੇ ਸਰਬ-ਵਿਆਪਕ ਹੈ।